# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 12-07-2024**

ਕੇਂਦਰੀ ਜਾਂਚ ਬਿਊਰੋ ਨੇ, NEET ਪੇਪਰ ਲੀਕ ਮਾਮਲੇ ਵਿੱਚ ਰਾਕੇਸ਼ ਰੰਜਨ ਉਰਫ ਰੌਕੀ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਏ। ਉਸ ਨੂੰ ਕਿੰਗਪਿਨ ਮੰਨਿਆ ਜਾਂਦਾ ਏ ਅਤੇ ਉਸ ਨੂੰ 10 ਦਿਨਾਂ ਲਈ ਸੀ.ਬੀ.ਆਈ. ਦੀ ਹਿਰਾਸਤ ਵਿਚ ਭੇਜ ਦਿੱਤਾ ਗਿਆ ਏ । ਰੌਕੀ ਇਸ ਰੈਕੇਟ ਵਿੱਚ ਇੱਕ ਹੋਰ ਵਿਅਕਤੀ ਸੰਜੀਵ ਮੁਖੀਆ ਨਾਲ ਵੀ ਜੁੜਿਆ ਹੋਇਆ ਏ, ਜਿਹੜਾ ਦੋ ਦਹਾਕਿਆਂ ਤੋਂ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਏ ਅਤੇ ਫਰਾਰ ਏ। ਜਾਂਚ ਏਜੰਸੀ ਨੇ ਹੁਣ ਤੱਕ 12 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਏ । ਸੀ.ਬੀ.ਆਈ. ਅਤੇ ਵੱਖ-ਵੱਖ ਸੂਬਿਆਂ ਦੇ ਪੁਲਿਸ ਬਲ ਇਸ ਰੈਕੇਟ ਦੀ ਜਾਂਚ ਕਰ ਰਹੇ ਨੇ।

---

ਓਧਰ ਚੰਡੀਗੜ੍ਹ ਤੋਂ ਪ੍ਰੋਫ਼ੇਸਰ ਅਰਵਿੰਦ ਕੁਮਾਰ ਦਿਵੇਦੀ ਦਾ ਕਹਿਣਾ

ਏ, ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਪਰਾਲੇ ਕੀਤੇ ਜਾਣੇ ਲਾਜ਼ਮੀ ਨੇ।

---------------------------------------------------

ਕੇਂਦਰੀ ਬਲ ਸਾਬਕਾ ਅਗਨੀਵੀਰਾਂ ਲਈ 10 ਫੀਸਦੀ ਰਾਖਵਾਂਕਰਨ ਲਾਗੂ ਕਰਨਗੇ। ਕੇਂਦਰੀ ਬਲਾਂ ਨੇ ਅਗਨੀਪਥ ਯੋਜਨਾ 'ਤੇ ਚੱਲ ਰਹੀ ਬਹਿਸ ਦੌਰਾਨ, ਇਹ ਐਲਾਨ ਕੀਤਾ ਏ। ਸੀਮਾ ਸੁਰੱਖਿਆ ਬਲ, ਕੇਂਦਰੀ ਰਿਜ਼ਰਵ ਪੁਲਿਸ ਬਲ, ਕੇਂਦਰੀ ਉਦਯੋਗਿਕ ਸੁਰੱਖਿਆ ਬਲ ਅਤੇ ਸਸ਼ਤਰ ਸੀਮਾ ਬਲ ਦੇ ਮੁਖੀਆਂ ਨੇ ਕਿਹਾ ਕਿ ਸਾਬਕਾ ਅਗਨੀਵੀਰਾਂ ਨੂੰ ਉਮਰ ਵਿੱਚ ਛੋਟ ਮਿਲੇਗੀ ਅਤੇ ਉਨ੍ਹਾਂ ਲਈ ਕੋਈ ਸਰੀਰਕ ਕੁਸ਼ਲਤਾ ਟੈਸਟ ਨਹੀਂ ਹੋਵੇਗਾ।

---------------------------------------------------

ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਹੋ ਗਏ ਨੇ। ਫਰੀਦਕੋਟ ਜ਼ਿਲੇ ਦੇ

ਕਾਨੂੰਨ ਮਾਹਰਾਂ ਨੇ, ਨਵੇਂ ਕਾਨੂੰਨਾਂ ਵਿਚ ਹੋਏ ਬਦਲਾਅ ਦੀ ਸ਼ਲਾਘਾ ਕੀਤੀ।

---------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਸੂਬੇ ਵਿੱਚ ਹਰਿਆਵਲ ਅਧੀਨ ਰਕਬਾ ਵਧਾਉਣ ਲਈ ਸਮੂਹ ਕਿਸਾਨਾਂ ਨੂੰ ਆਪਣੀਆਂ ਖੇਤਾਂ ਵਾਲੀਆਂ ਮੋਟਰਾਂ ਟਿਊਬਵੈੱਲਾਂ ਦੇ ਆਲੇ-ਦੁਆਲੇ ਘੱਟੋ-ਘੱਟ ਚਾਰ ਬੂਟੇ ਲਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੂਬੇ ਵਿੱਚ ਤਕਰੀਬਨ ਤਿੰਨ ਕਰੋੜ ਬੂਟੇ ਲਾਉਣ ਦਾ ਟੀਚਾ ਮਿੱਥਿਆ ਗਿਆ ਏ, ਜਿਸ ਲਈ ਆਉਂਦੇ ਦਿਨਾਂ ਵਿੱਚ ਇੱਕ ਵਿਆਪਕ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨ ਇਸ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਲਈ, ਸਰਗਰਮ ਭੂਮਿਕਾ ਨਿਭਾ ਸਕਦੇ ਨੇ। ਉਨ੍ਹਾਂ ਕਿਹਾ ਕਿ ਜਿਵੇਂ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਇਆ ਏ, ਉਸੇ ਤਰ੍ਹਾਂ ਉਹ ਸੂਬੇ ਵਿੱਚ ਹਰਿਆਵਲ ਅਧੀਨ ਰਕਬਾ ਵਧਾਉਣ ਲਈ ਵੀ ਵੱਡੀ ਭੂਮਿਕਾ ਨਿਭਾ ਸਕਦੇ ਨੇ। ਉਨਾਂ ਕਿਹਾ ਕਿ ਪਿਛਲੇ ਸਾਲ ਕੁੱਲ ਇਕ ਕਰੋੜ 2 ਲੱਖ ਬੂਟੇ ਲਾਏ ਗਏ

ਸਨ ਅਤੇ ਇਸ ਸਾਲ ਇਹ ਟੀਚਾ ਵਧਾ ਕੇ, ਤਿੰਨ ਕਰੋੜ ਕਰ ਦਿੱਤਾ ਗਿਆ ਏ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਬੂਟੇ ਲਾਉਣ ਦੀ ਇਸ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਕਿਹਾ, ਤਾਂ ਜੋ ਸੂਬੇ ਭਰ ਵਿੱਚ ਜੰਗਲਾਤ ਅਧੀਨ ਖੇਤਰ ਨੂੰ ਵਧਾਇਆ ਜਾ ਸਕੇ।

-------------------------------------------

ਭਾਰਤ ਸੰਚਾਰ ਨਿਗਮ ਲਿਮਟਿਡ BSNL ਦੇ `ਟੈਲੀਕਾਮ ਡਿਸਟ੍ਰਿਕਟ ਜਲੰਧਰ ਦੇ ਪ੍ਰਿੰਸੀਪਲ ਜਨਰਲ ਮੈਨੇਜਰ ਪਵਨ ਕੁਮਾਰ ਨੇਗੀ ਨੇ ਕਿਹਾ ਏ ਕਿ 4-ਜੀ ਨੈੱਟਵਰਕ ਸ਼ੁਰੂ ਹੋਣ ਨਾਲ ਬਿਹਤਰ ਹੋਈਆ ਸੇਵਾਵਾਂ ਤੇ ਸਸਤੀਆ ਦਰਾਂ ਕਾਰਨ ਟੈਲੀਕਾਮ ਖਪਤਕਾਰ ਹੁਣ ਤੇਜ਼ੀ ਨਾਲ BSNL ਨਾਲ ਜੁੜ ਰਹੇ ਨੇ। ਉਨਾਂ ਕਿਹਾ ਕਿ ਖਪਤਕਾਰਾਂ ਵਿਚ ਏਨਾ ਉਤਸ਼ਾਹ ਏ, ਕਿ ਰੋਜ਼ਾਨਾ ਹੀ 500 ਖਪਤਕਾਰ ਦੂਜਿਆਂ ਟੈਲੀਕਾਮ ਕੰਪਨੀਆਂ ਦੇ ਕੁਨੈਕਸ਼ਨ BSNL ’ਚ ਪੋਰਟ ਕਰਵਾ ਰਹੇ ਨੇ। ਪਵਨ ਕੁਮਾਰ ਨੇਗੀ ਨੇ ਦੱਸਿਆ ਕਿ BSNL ਨੇ ਦੇਸ਼ 'ਚ 4-ਜੀ ਨੈੱਟਵਰਕ ਦਾ ਪਾਇਲਟ ਪ੍ਰੋਜੈਕਟ ਪੰਜਾਬ 'ਚ ਪਿਛਲੇ ਸਾਲ ਜੁਲਾਈ ਵਿਚ ਸ਼ੁਰੂ ਕੀਤਾ ਸੀ, ਜਿਹੜਾ ਕਿ ਸਵਦੇਸ਼ੀ ਤਕਨੀਕ ਨਾਲ ਵਿਕਸਿਤ

ਕੀਤਾ ਜਾ ਰਿਹਾ ਏ । ਜ਼ਿਲ੍ਹੇ ਦੀਆਂ 410 ਸਾਈਟਾਂ 'ਚੋਂ 357 ਸਾਈਟਾਂ 'ਤੇ 4-ਜੀ ਨੈੱਟਵਰਕ ਫਿਟ ਕਰ ਦਿੱਤਾ ਗਿਆ ਏ । 259 ਸਾਈਟਾਂ 'ਤੇ ਸੇਵਾਵਾਂ ਦੇਣੀਆ ਸ਼ੁਰੂ ਕਰ ਦਿੱਤੀਆਂ ਗਈਆਂ ਨੇ ਅਤੇ ਬਾਕੀ ਸਾਈਟਾਂ 'ਤੇ ਵੀ ਅਗਸਤ ਦੇ ਅਖੀਰ ਤਕ ਇਹ ਤਕਨੀਕ ਫਿਟ ਕਰ ਦਿੱਤੀ ਜਾਵੇਗੀ । ਪਵਨ ਕੁਮਾਰ ਨੇਗੀ ਨੇ ਦੱਸਿਆ ਕਿ ਦੇਸ਼ ਵਿਚ ਨਾ ਸਿਰਫ ਮੋਬਾਈਲ ਸੇਵਾਵਾਂ ਬਿਹਤਰ ਹੋਈਆਂ ਨੇ ਬਲਕਿ BSNL ਦੀ ਨਵੀਂ ਤਕਨੀਕ ਵਿਦੇਸ਼ਾਂ ਨੂੰ ਭੇਜੀ ਜਾ ਰਹੀ ਏ । ਉਨਾਂ ਕਿਹਾ ਕਿ BSNL ਦੇ ਪਲਾਨ ਨਿੱਜੀ ਨੈੱਟਵਰਕ ਕੰਪਨੀਆਂ ਦੇ ਮੁਕਾਬਲੇ ਸਸਤੇ ਨੇ, ਜਦਕਿ ਸੇਵਾਵਾਂ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਨੇ ।

---------------------------------------------------------------

ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਅੱਜ ਸਵੇਰ ਤੋਂ ਹੀ ਹਲਕੇ ਤੋਂ ਦਰਮਿਆਨੇ ਮੀਂਹ ਦਾ ਸਿਲਸਿਲਾ ਰੁਕ-ਰੁਕ ਕੇ ਚਲ ਰਿਹਾ ਏ । ਜਲੰਧਰ ਵਿਚ ਸਵੇਰ ਸਮੇਂ ਤੇਜ ਹਵਾਵਾਂ ਨਾਲ ਜ਼ੋਰਦਾਰ ਮੀਂਹ ਪਿਆ । ਇਸ ਨਾਲ ਮੌਸਮ ਸੁਹਾਵਣਾ ਬਣ ਗਿਆ ਏ ਅਤੇ ਲੋਕਾਂ ਨੂੰ ਹੁੰਮਸ

ਭਰੀ ਗਰਮੀ ਤੋਂ ਰਾਹਤ ਮਿਲੀ ਏ। ਮੌਸਮ ਵਿਭਾਗ ਨੇ ਦੁਪਹਿਰ ਢਾਈ ਵਾਜੇ ਤਕ ਸਮੁਚੇ ਸੂਬੇ ਵਿਚ ਮੀਂਹ ਪੈਣ ਸੰਬੰਧੀ ਯੈਲੋ ਅਲਰਟ ਜਾਰੀ ਕੀਤਾ ਏ। ਇਸ ਦੌਰਾਨ ਮੀਂਹ ਨਾਲ 30 ਤੋਂ 40 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਵੀ ਵੱਗ ਸਕਦੀਆਂ।